## ਯੂ.ਕੇ. ਵਿੱਚ ਆਨਲਾਈਨ ਵਿਅਕਤੀਗਤ ਕਰਜ਼ਾ (personal loan), ਸੁਰੱਖਿਅਤ ਕਰਜ਼ਾ (secured loan), ਰਿਣ ਚੱਕਬੰਦੀ ਕਰਜ਼ਾ (debt consolidation loan) ਜਾਂ ਕਾਰੋਬਾਰੀ ਕਰਜ਼ਾ (business loan) ਲੱਭੋ

ਲੋਨਸਾਈਟ (Loansite) ਯੂ.ਕੇ. ਵਿੱਚ ਸਭ ਤੋਂ ਮੋਹਰੀ ਆਨਲਾਈਨ ਵਿੱਤੀ ਦਲਾਲਾਂ ਵਿੱਚੋਂ ਇੱਕ ਹੈ। 1999 ਵਿੱਚ ਜਦੋਂ ਅਸੀਂ ਆਪਣੀ ਪਹਿਲੀ ਵੈੱਬਸਾਈਟ ਸ਼ੁਰੂ ਕੀਤੀ ਸੀ, ਓਦੋਂ ਤੋਂ ਲੈਕੇ ਅਸੀਂ ਹੁਣ ਤੱਕ ਹਜ਼ਾਰਾਂ ਹੀ ਲੋਕਾਂ ਦੀ ਆਨਲਾਈਨ ਕਰਜ਼ਾ ਲੱਭਣ ਵਿੱਚ ਮਦਦ ਕੀਤੀ ਹੈ।

ਯੂ.ਕੇ. ਵਿੱਚ ਕਿਸੇ ਕਰਜ਼ੇ ਜਾਂ ਗਹਿਣੇ (mortgage) ਬਾਰੇ ਸਭ ਤੋਂ ਵਧੀਆ ਸੌਦਾ ਲੱਭਣ ਲਈ ਸਾਡੀ ਦੋਸਤਾਨਾ ਅਤੇ ਸਵਾਗਤਮਈ ਸੇਵਾ ਦੀ ਵਰਤੋਂ ਕਰੋ। ਜਦੋਂ ਤੁਸੀਂ ਸਾਡਾ ਗੁਪਤ ਪੁੱਛਗਿੱਛ ਫਾਰਮ ਭਰਦੇ ਹੋ ਤਾਂ ਤੁਹਾਡੇ ਵਿਸਥਾਰ ਯੂ.ਕੇ. ਵਿੱਚ ਮੋਹਰੀ ਵਿੱਤੀ ਕੰਪਨੀਆਂ ਨੂੰ ਭੇਜ ਦਿੱਤੇ ਜਾਂਦੇ ਹਨ। ਫੇਰ ਤੁਹਾਡੇ ਨਾਲ, ਅਕਸਰ ਕੁਝ ਹੀ ਘੰਟਿਆਂ ਵਿੱਚ, ਤੁਹਾਡੀ ਅਰਜ਼ੀ ਤੇ ਲਏ ਗਏ ਇੱਕ ਸਿਧਾਂਤਕੀ ਫੈਸਲੇ ਦੇ ਨਾਲ ਸੰਪਰਕ ਕੀਤਾ ਜਾਵੇਗਾ। ਇਸ ਸੇਵਾ ਵਾਸਤੇ ਅਸੀਂ ਤੁਹਾਥੋਂ ਕੋਈ ਖ਼ਰਚਾ ਨਹੀਂ ਲੈਂਦੇ ਅਤੇ ਇਸ ਵਿੱਚ ਕੋਈ ਕਾਨੂੰਨੀ ਜਾਂ ਇਖ਼ਲਾਕੀ ਬੰਦਸ਼ ਨਹੀਂ ਹੈ।

ਲੋਨਸਾਈਟ ਕਿਸੇ ਵੀ ਵਿੱਤੀ ਕੰਪਨੀ ਦੇ ਨਾਲ ਜੁੜੀ ਹੋਈ ਨਹੀਂ ਹੈ ਅਤੇ ਨਾ ਹੀ ਇਹ ਤੁਹਾਡੇ ਵੱਲੋਂ ਪ੍ਰਦਾਨ ਕੀਤੀ ਜਾਣਕਾਰੀ ਨੂੰ ਲਾਇਸੰਸਸ਼ੁਦਾ ਉਧਾਰ ਦੇਣ ਵਾਲਿਆਂ ਅਤੇ ਦਲਾਲਾਂ ਨੂੰ ਭੇਜਣ ਤੋਂ ਬਿਨਾਂ ਕੋਈ ਹੋਰ ਕਾਰਜ਼ ਕਰਦੀ ਹੈ। ਤੁਹਾਡੇ ਵਿਸਥਾਰਾਂ ਨੂੰ ਕਿਸੇ ਵੀ ਹੋਰ ਮਕਸਦ ਵਾਸਤੇ ਨਹੀਂ ਵਰਤਿਆ ਜਾਂਦਾ ਅਤੇ ਅਸੀਂ ਇਸ ਗੱਲ ਦੀ ਗਰੰਟੀ ਦਿੰਦੇ ਹਾਂ ਕਿ ਉਹਨਾਂ ਨੂੰ ਗੁਪਤ ਰੱਖਿਆ ਜਾਂਦਾ ਹੈ।

### ਜੇ ਤੁਹਾਡਾ ਆਪਣਾ ਘਰ ਹੈ ਤਾਂ ਕੀ ਵਿਕਲਪ ਹਨ :

ਸੁਰੱਖਿਅਤ ਕਰਜ਼ਾ ਜਾਂ ਘਰ-ਮਾਲਕ ਕਰਜ਼ਾ

ਇੱਕ ਸੁਰੱਖਿਅਤ ਕਰਜ਼ਾ ਉਧਾਰ ਦੇਣ ਵਾਲੇ ਦੁਆਰਾ ਤੁਹਾਡੀ ਜਾਇਦਾਦ ਉੱਤੇ ਸੁਰੱਖਿਅਤ ਕੀਤਾ ਜਾਂਦਾ ਹੈ। ਇਸਦਾ ਮਤਲਬ ਇਹ ਹੈ ਕਿ ਉਧਾਰ ਦੇਣ ਵਾਲੇ ਨੂੰ ਕੋਈ ਵੀ ਧਨ ਗੁਆਉਣ ਦਾ ਬਹੁਤ ਘੱਟ ਖਤਰਾ ਹੈ ਅਤੇ ਇਸ ਕਰਕੇ ਉਹ ਇੱਕ ਗੈਰ-ਸੁਰੱਖਿਅਤ ਕਰਜ਼ੇ ਦੇ ਮੁਕਾਬਲੇ ਘੱਟ ਸਾਲਾਨਾ ਪ੍ਰਤੀਸ਼ਤ ਦਰ (Annual Percentage Rate - APR) ਤੇ ਕਰਜ਼ੇ ਦੀ ਪੇਸ਼ਕਸ਼ ਕਰ ਸਕਦਾ ਹੈ।

ਜੇਕਰ ਤੁਹਾਡਾ ਯੂ.ਕੇ. ਵਿੱਚ ਮਾੜਾ ਜਾਂ ਸੀਮਤ ਜਮ੍ਹਾਂ ਇਤਿਹਾਸ (credit history) ਰਿਹਾ ਹੈ ਤਾਂ ਇੱਕ ਸੁਰੱਖਿਅਤ ਕਰਜ਼ਾ ਪ੍ਰਾਪਤ ਕਰਨਾ ਮੁਕਾਬਲਤਨ ਆਸਾਨ ਹੈ। ਪਿਛਲੀਆਂ ਸਮੱਸਿਆਵਾਂ ਜਿਵੇਂ ਕਿ ਬਕਾਏ ਜਾਂ ਅਦਾਇਗੀ ਨਾ ਕੀਤੇ ਹੋਣ ਨੂੰ ਕਿਸੇ ਹੱਦ ਤੱਕ ਛੋਟ ਦਿੱਤੀ ਜਾ ਸਕਦੀ ਹੈ। ਘਰ ਮਾਲਕਾਂ ਵਾਸਤੇ ਗੈਰ-ਸੁਰੱਖਿਅਤ ਕਰਜ਼ੇ ਵੀ ਉਪਲਬਧ ਹਨ।

ਗਹਿਣਾ (ਗਿਰਵੀ) ਲੱਭੋ

ਤੁਹਾਨੂੰ ਇੱਕ 'ਮਿਆਰੀ' ਗਹਿਣਾ ਲੱਭਣ ਵਿੱਚ ਮਦਦ ਕਰਨ ਦੇ ਨਾਲ ਨਾਲ, ਸਾਡੇ ਉਧਾਰ ਦੇਣ ਵਾਲਿਆਂ ਦਾ ਪੈਨਲ ਵਿਸ਼ੇਸ਼ਤਾਬੱਧ ਗਹਿਣਿਆਂ ਦੀ ਇੱਕ ਲੜੀ ਜਿਵੇਂ ਕਿ ਸਵੈ-ਤਸਦੀਕ ਨਾਲ ਵੀ ਮਦਦ ਕਰ ਸਕਦਾ ਹੈ। ਸਵੈ-ਤਸਦੀਕ ਗਹਿਣਾ ਉਧਾਰ ਲੈਣ ਵਾਲਿਆਂ ਨੂੰ ਬਿਨਾਂ ਦਸਤਾਵੇਜ਼ ਪ੍ਰਦਾਨ ਕੀਤਿਆਂ ਉਹਨਾਂ ਦੀਆਂ ਕਮਾਈਆਂ ਦੀ ਤਸਦੀਕ ਕਰਨ ਦੀ ਆਗਿਆ ਦਿੰਦਾ ਹੈ ਜਿਵੇਂ ਕਿ ਦਿਹਾੜੀ ਦੀਆਂ ਸਲਿੱਪਾਂ। ਜੇ ਤੁਸੀਂ ਨੌਕਰੀਪੇਸ਼ਾ ਹੋ ਜਾਂ ਸਵੈ-ਰੁਜ਼ਗਾਰੀ ਹੋ ਤਾਂ ਤੁਸੀਂ ਇਸ ਵਾਸਤੇ ਅਰਜ਼ੀ ਦੇ ਸਕਦੇ ਹੋ। ਉਹ ਉਹਨਾਂ ਲੋਕਾਂ ਵਾਸਤੇ ਵੀ ਗਹਿਣੇ ਲੱਭਣ ਵਿੱਚ ਮਦਦ ਕਰ ਸਕਦੇ ਹਨ ਜਿੰਨ੍ਹਾਂ ਦਾ ਮਾੜਾ ਜਮ੍ਹਾਂ ਇਤਿਹਾਸ ਰਿਹਾ ਹੈ ਜਾਂ ਜਿੰਨ੍ਹਾਂ ਨੂੰ ਨੌਕਰੀ ਤੇ ਲੱਗਿਆਂ ਅਜੇ ਥੋੜਾ ਸਮਾਂ ਹੀ ਹੋਇਆ ਹੈ।

ਇੱਕ ਮੁੜ-ਗਹਿਣਾ (Remortgage) ਲੱਭੋ

ਇੱਕ ਮੁੜ-ਗਹਿਣਾ ਤੁਹਾਡੇ ਧਨ ਦੀ ਬੱਚਤ ਕਰ ਸਕਦਾ ਹੈ। ਇੱਕ ਮੁੜ-ਗਹਿਣਾ ਆਸਾਨੀ ਨਾਲ ਉਸ ਸ਼ੇਅਰ (equity) ਨੂੰ ਰਿਹਾ ਕਰ ਸਕਦਾ ਹੈ ਜੋ ਤੁਹਾਡੀ ਜਾਇਦਾਦ ਦੇ ਮੁੱਲ ਵਿੱਚ ਜੁੜਿਆ ਹੈ। ਇੱਕ ਬਿਹਤਰ ਗਹਿਣਾ ਸੌਦੇ ਵਿੱਚ ਬਦਲੇ ਜਾਣ ਦੇ ਨਾਲ ਨਾਲ, ਇਸਦਾ ਤੁਰੰਤ ਮਾਸਿਕ ਬੱਚਤਾਂ ਕਰਨ ਦਾ ਇੱਕ ਸ਼ਾਨਦਾਰ ਤਰੀਕਾ ਹੋਣਾ, ਤੁਹਾਨੂੰ ਕੁਝ ਵਾਧੂ ਰੋਕੜਾ ਪ੍ਰਾਪਤ ਕਰਨ ਦੇ ਯੋਗ ਵੀ ਬਣਾਵੇਗਾ।

## ਜੇ ਤੁਹਾਡੇ ਕੋਲ ਆਪਣਾ ਘਰ ਨਹੀਂ ਤਾਂ ਵਿਕਲਪ - ਕਿਰਾਏ ਤੇ ਰਹਿਣਾ, ਮਾਪਿਆਂ ਨਾਲ ਰਹਿਣਾ ਆਦਿ।

ਇੱਕ ਗੈਰ-ਸੁਰੱਖਿਅਤ ਜਾਂ ਕਿਰਾਏਦਾਰ ਕਰਜ਼ੇ ਨੂੰ ਲੱਭੋ

ਇੱਕ ਗੈਰ-ਸੁਰੱਖਿਅਤ ਕਰਜ਼ਾ ਮੁੜ-ਅਦਾਇਰੀਆਂ ਕਰਨ ਵਿੱਚ ਮਹਿੰਗਾ ਪੈ ਸਕਦਾ ਹੈ ਪਰ ਇਸ ਵਿੱਚ ਇੱਕ ਸੁਰੱਖਿਅਤ ਕਰਜ਼ੇ ਵਾਲਾ ਖਤਰਾ ਨਹੀਂ ਹੁੰਦਾ। ਜੇ ਤੁਸੀਂ ਇਸਦੀ ਵਾਪਸ ਅਦਾਇਗੀ ਨਹੀਂ ਕਰਦੇ ਤਾਂ ਉਧਾਰ ਦੇਣ ਵਾਲਾ ਤੁਹਾਡਾ ਘਰ ਨਹੀਂ ਲੈ ਸਕਦਾ। ਇਸੇ ਕਾਰਨ ਕਰਕੇ, ਇੱਕ ਗੈਰ-ਸੁਰੱਖਿਅਤ ਕਰਜ਼ਾ

ਪ੍ਰਾਪਤ ਕਰਨਾ ਮੁਸ਼ਕਿਲ ਹੋ ਸਕਦਾ ਹੈ ਜੇਕਰ ਬੀਤੇ ਸਮੇਂ ਦੌਰਾਨ ਕਿਸੇ ਕਰਜ਼ੇ ਜਾਂ ਕ੍ਰੈਡਿਟ ਕਾਰਡ ਦੇ ਸਬੰਧ ਵਿੱਚ ਤੁਹਾਨੂੰ ਲੇਟ ਜਾਂ ਖੁੰਝ ਗਈਆਂ ਵਾਪਸੀ ਅਦਾਇਗੀਆਂ ਜਿਹੀਆਂ ਸਮੱਸਿਆਵਾਂ ਰਹੀਆਂ ਹੋਣ ਜਾਂ ਜੇਕਰ ਯੂ.ਕੇ. ਵਿੱਚ ਤੁਹਾਡਾ ਸੀਮਤ ਜਮ੍ਹਾਂ ਇਤਿਹਾਸ ਹੋਵੇ।

**ਕਾਰੋਬਾਰੀ ਕਰਜ਼ੇ ਅਤੇ ਗਹਿਣੇ**

ਕੀ ਤੁਸੀਂ ਕਿਸੇ ਕਾਰੋਬਾਰ ਨੂੰ ਸ਼ੁਰੂ ਕਰਨ ਬਾਰੇ ਜਾਂ ਕਿਸੇ ਕਾਰੋਬਾਰ ਦਾ ਵਿਸਥਾਰ ਕਰਨ ਬਾਰੇ ਕਾਰੋਬਾਰੀ ਕਰਜ਼ੇ ਦੀ ਭਾਲ ਵਿੱਚ ਹੋ?

ਕਿਸੇ ਕਾਰੋਬਾਰ ਨੂੰ ਸ਼ੁਰੂ ਕਰਨ, ਵਿਸਥਾਰ ਕਰਨ ਜਾਂ ਰੋਕੜ-ਪ੍ਰਵਾਹ ਵਾਸਤੇ ਵਿੱਤੀ ਸਹਾਇਤਾ ਉਪਲਬਧ ਹੈ। ਫੰਡਾਂ ਦੀ ਘਾਟ ਨੂੰ ਤੁਹਾਡੇ ਆਪਣੇ ਮਾਲਿਕ ਖੁਦ ਬਣਨ ਦੇ ਰਾਹ ਵਿੱਚ ਰੋੜਾ ਨਾ ਬਣਨ ਨਾ ਦਿਓ, ਸਿਧਾਂਤਕ ਰੂਪ ਵਿੱਚ ਇੱਕ ਜਲਦ ਮਨਜ਼ੂਰੀ ਵਾਸਤੇ ਅੱਜ ਹੀ ਪੁੱਛਗਿੱਛ ਕਰੋ। ਸਾਡੇ ਉਧਾਰ ਦੇਣ ਵਾਲੇ ਤੁਹਾਨੂੰ ਕਿਰਾਏ-ਤੇ-ਦੇਣ-ਲਈ-ਖਰੀਦੋ ਗਹਿਣਾ ਲੱਭਣ ਵਾਸਤੇ ਜਾਂ ਕਾਰੋਬਾਰੀ ਮਕਸਦਾਂ ਲਈ ਇੱਕ ਵਪਾਰਕ ਗਹਿਣਾ ਲੱਭਣ ਵਿੱਚ ਵੀ ਮਦਦ ਕਰ ਸਕਦੇ ਹਨ।

ਕਿਰਪਾ ਕਰਕੇ ਨੋਟ ਕਰੋ ਕਿ ਇਹ ਸੇਵਾ ਕੇਵਲ ਯੂ.ਕੇ. ਦੇ ਵਸਨੀਕਾਂ ਵਾਸਤੇ ਹੀ ਉਪਲਬਧ ਹੈ।

**ਜੇਕਰ ਤੁਸੀਂ ਆਪਣੇ ਗਹਿਣੇ ਤੇ ਵਾਪਸੀ ਅਦਾਇਗੀਆਂ ਨਹੀਂ ਕਰਦੇ ਜਾਂ ਇਸਤੇ ਸੁਰੱਖਿਅਤ ਕੀਤੇ ਕਿਸੇ ਹੋਰ ਕਰਜ਼ੇ ਦੀ ਅਦਾਇਗੀ ਨਹੀਂ ਕਰਦੇ ਤਾਂ ਤੁਹਾਡੇ ਘਰ ਤੇ ਮੁੜ-ਕਬਜ਼ਾ ਕੀਤਾ ਜਾ ਸਕਦਾ ਹੈ।**